Punjabi 2009
Tuberculosis (TB)
Treatment

ਮਰੀਜਾਂ ਲਈ ਜਾਣਕਾਰੀ

## ਮੈਂ ਆਪਣੀ ਦਵਾਈ ਲੈਣਾ ਕਿਵੇਂ ਯਾਦ ਰੱਖ ਸਕਦਾ ਹਾਂ?

ਇਹ ਹਮੇਸ਼ਾਂ ਅਸਾਨ ਨਹੀਂ ਹੁੰਦਾ ! ਤੁਸੀਂ ਆਪਣੀ ਟੀ.ਬੀ. ਦੀ ਦਵਾਈ ਲੰਬੇ ਸਮੇਂ ਲਈ ਲਵੋਗ (ਘੱਟ ਤੋਂ ਘੱਟ ੬ ਮਹੀਨੇ ਲਈ) ਇਸ ਲਈ ਤਹਾਨੂੰ ਇਕ ਰੁਟੀਨ ਬਣਾਉਣੀ ਪਵੇਗੀ। ਆਪਣੀ ਦਵਾਈ ਨੂੰ ਨਿਰੰਤਰ ਲੈਣਾ ਯਾਦ ਰੱਖਣ ਲਈ ਇਥੇ ਕੁਝ ਰਸਤੇ ਹਨ:

- ਆਪਣੀਆਂ ਦਵਾਈਆਂ ਹਰ ਰੋਜ ਉਸੇ ਹੀ ਸਮੇਂ ਤੇ ਲਵੋ ਅਤੇ ਉਹਨਾਂ ਨੂੰ ਉਸ ਹੀ ਜਗਾ ਤੇ ਰੱਖੋ
- ਆਪਣੀਆਂ ਗੋਲੀਆਂ ਨੂੰ ਹਫਤੇ ਦੇ ਪੈਕਟ (ਡਿਸਪੈਂਸਰ) ਇੱਚ ਰੱਖੋ
- ਇੱਕ ਕੈਲੰਡਰ ਤੇ ਹਰ ਇੱਕ ਦਿਨ ਦਾ ਨਿਸ਼ਾਨ ਲਗਾਉ ਜਦੋਂ ਤੁਸੀ ਦਵਾਈ ਲੈਂਦੇ ਹੋ
- ਤਹਾਨੂੰ ਗੋਲੀਆਂ ਲੈਣ ਦੀ ਯਾਦ ਦਿਵਾਉਣ ਲਈ ਕੋਈ ਅਲਾਰਮ ਸੈੱਟ ਕਰਨ ਦਾ ਯਤਨ ਕਰੋ
- ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ ਨੂੰ ਤੁਹਾਡੀ ਦਵਾਈ ਲੈਣ ਬਾਰੇ ਯਾਦ ਦਿਵਾਉਣ ਲਈ ਕਹੋ, ਅਤੇ ਜੇਕਰ ਤੁਸੀਂ ਫਿਰ ਵੀਭੁੱਲ ਜਾਂਦੇ ਹੋ ਤਾਂ ਤਹਾਡਾ ਡਾਕਟਰ ਤਹਾਨੂੰ ਆਪਣੇ ਸਾਹਮਣੇ ਗੋਲੀਆਂ ਲੈਣ ਲਈ ਕਹੇਗਾ
- ਜੇਕਰ ਤੁਹਾਡੀ ਕੋਈ ਖੁਰਾਕ ਛੁੱਟ ਗਈ ਹੈ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ ਉਹ ਗੁੱਸੇ ਨਹੀਂ ਹੋਣਗੇ ਅਤੇ ਤੁਹਾਡੀ ਮਦਦ ਕਰਨ ਦਾ ਯਤਨ ਕਰਨਗੇ

ਤੁਹਾਨੂੰ ਆਪਣੇ ਕਲੀਨਿਕ ਜਾਣ ਦੇ ਸਮਿਆਂ ਦਾ ਰਿਕਾਰਡ ਰੱਖਣਾ ਚਾਹੀਦਾ ਹੈ ਤੁਹਾਡੇ ਡਾਕਟਰ ਜਾਂ ਨਰਸ ਨੂੰ ਇਹ ਦੇਖਣ ਦੀ ਜ਼ਰੂਰਤ ਹੋਵੇਗੀ ਕਿ ਤਸੀਂ ਕਿਵੇ ਠੀਕ ਹੋ ਰਹੇ ਹੋ।

## ਟੀ.ਬੀ ਬਾਰੇ ਹੋਰ ਜਾਣਕਾਰੀ

ਜੇਕਰ ਤਹਾਨੂੰ ਟੀ.ਬੀ ਹੈ ਅਤੇ ਤੁਸੀਂ ਇਸ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਉਸ ਵਿਅਕਤੀ ਕੋਲੋਂ ਜਿਸਨੂੰ ਇਹ ਬਿਮਾਰੀ ਸੀ ਤਾਂ ਇੱਥੇ ਇੱਕ ਕਿਤਾਬ ਹੈ The Tuberculosis Survival Handbook ਹੈ ਜੋ ਪਾਉਲ ਮਾਇਹੋ (ਦੂਸਰਾ ਸੰਸਕਰਨ ) ਦੁਆਰਾ ਲਿਖੀ ਗਈ ਹੈ। ਰਿਸ ਕਿਤਾਬ ਦੀ ਕੀਮਤ 14.95 ਪੌਂਡ ਹੈ ਅਤੇ ਇਹ ਸਥਾਨਕ ਕਿਤਾਬਾਂ ਦੀਆਂ ਦੁਕਾਨਾਂ, ਗਜੈਲੀ ਬੁੱਕ ਸਰਵਿਸ਼ਜ ਅਤੇ www.amazon.co.uk, ਜਾਂ ਸਿੱਧੇ ਪ੍ਰਕਾਸਕ ਕੋਲੋਂ ਲਈ ਜਾ ਸਕਦੀ ਹੈ Merit Publishing International ਵੈਬਸਾਈਟ www.meritpublishing.com ਜਾਂ ਈ-ਮੇਲ merituk@aol.com ਇਸ ਕਿਤਾਬ ਦੀ ਮੰਗ ਲਈ ਰੈਫਰੈਂਸ ਨੰਬਰ ਹੈਗਟਇਛ 1 873413 14 9

ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਟੀ.ਬੀ. ਤੋ ਬਚਾਉ - ਤੇ ਆਪਣੀਆਂ ਟੀ.ਬੀ ਦੀਆਂ ਦਵਾਈਆ ਲਵੋ

**ਯਾਦ ਰੱਖੋ** ਟੀ.ਬੀ ਨਰਸ ਤੁਹਾਡੀ ਮਦਦ ਲਈ ਇਲਾਜ ਦੇ ਸਾਰੇ ਹੀ ਸਮੇਂ ਤੁਹਾਡੀ ਸਲਾਹ ਵਾਸਤੇ ਇੱਥੇ ਹਾਜਰ ਹੈ। ਕ੍ਰਿਪਾ ਕਰਕੇ ਆਪਣੀ ਟੀ.ਬੀ. ਨਰਸ ਨਾਲ ਸੰਪਰਕ ਕਰੋ ਜੇਕਰ ਤੁਸੀਂ ਆਪਣੇ ਇਲਾਜ ਨਾਲ ਠੀਕ ਮਹਿਸੂਸ ਨਹੀਂ ਕਰਦੇ ਜਾਂ ਇੱਥੇ ਕੋਈ ਵੀ ਗੱਲ ਹੈ ਜਿਸ ਕਾਰਨ ਤੁਸੀਂ ਆਪਣੀ ਦਵੁਈ ਬਾਰੇ ਬੇਯਕੀਨੀ ਰੱਖਦੇ ਹੋ।

ਤੁਹਾਡੀ ਟੀ.ਬੀ ਨਰਸ ਹੈ:

ਤੁਹਾਡਾ ਹਸਪਤਾਲ ਦਾ ਡਾਕਟਰ ਹ:

ਸੰਪਰਕ ਨੰਬਰ:

ਈ-ਮੇਲ:

**TB Alert** ਇਕ ਅਨੋਖੀ ਚੈਰਿਟੀ ਹੈ ਜੋ ਯੂ.ਕੇ ਇੱਚ ਟਿਊਬੋਕਲੋਸਿਸ ਬਾਰੇ ਜਾਗਰੂਕਤਾ ਨੂੰ ਵਧਾਵਾ ਦੇ ਰਹੀ ਹੈ ਅਤੇ ਮਰੀਜ਼ਾਂ ਨੂੰ ਸੂਚਨਾਂ ਪ੍ਰਦਾਨ ਕਰਕੇ ਐਨ.ਐਚ.ਐਸ ਦੇ ਕੰਮ ਦੀ ਸਹਾਇਤਾ ਕਰ ਰਹੀ ਹੈ। ਅਸੀਂ ਵਿਕਾਸਸ਼ੀਲ ਦੇਸ਼ਾਂ ਵਿੱਚ ਚੱਲ ਰਹੀਆਂ ਯੋਜਨਾਵਾਂ ਨੂੰ ਸਹਾਇਤਾ ਦਿੰਦੇ ਹਾਂ ਇਹ ਯਕੀਨੀ ਬਣਾਉਣ ਲਈ ਕਿ ਸਾਰੇ ਮਰੀਜ਼ ਸਹੀ ਇਲਾਜ ਕਰਵਾ ਸਕਣ। ਤੁਹਾਡੀ ਸਹਾਇਤਾ ਨਾਲ ਅਸੀਂ ਸੰਸਾਰ ਭਰ ਵਿੱਚ ਟਿਊਬੋਕਲੋਸਿਸ ਤੇ ਚੰਗਾ ਪ੍ਰਭਾਵ ਪਾ ਸਕਦੇ ਹਾਂ ਅਤੇ ਹੋਰ ਜ਼ਿੰਦਗੀਆਂ ਬਚਾ ਸਕਦੇ ਹਾਂ।

**TB Alert,**
Community Base,
113 Queens Road,
Brighton BN1 3XG
ਟੈਲੀਫੋਨ: 01273 234030

ਹੋਰ ਜਾਣਕਾਰੀ ਜਾਂ ਇਸ ਕਿਤਾਬਚੇ ਦੀਆਂ ਕਾਪੀਆਂ ਲਈ
ਸੰਪਰਕ ਕਰੋ 01273 234 770 (ਕੇਵਲ ਦਫਤਰੀ ਸਮੇਂ ਵਿੱਚ)।

ਦਾਨ ਦੇਣ ਲਈ ਜਾਂ ਸਵੈਮਸੇਵੀ ਤੇ ਟੀ.ਬੀ ਅਲਰਟ ਦੀ ਮਦਦ ਲਈ ਕਿਰਪਾ ਕਰਕੇ
ਸੰਪਰਕ ਕਰੋ 01273 234 784 (ਕੇਵਲ ਦਫਤਰੀ ਸਮੇਂ ਵਿੱਚ)।

ਜਾਂ ਸਾਡੀ ਵੈਬਸਾਈਟ www.tbalert.org ਤੇ ਜਾਓ

ਇਸ ਕਿਤਾਬਚੇ ਤੇ ਦਿੱਤੀ ਗਈ ਕੋਈ ਵੀ ਜਾਣਕਾਰੀ ਟਿਊਬੋਕਲੋਸਿਸ ਦੀ ਜਾਂਚ ਜਾਂ ਇਲਾਜ ਦੇ ਸਬੰਧ ਵਿੱਚ, ਇਸ ਵਿਸ਼ੇ ਬਾਰੇ ਆਮ ਜਾਣਕਾਰੀ ਦੇਣ ਦੇ ਇਰਾਦੇ ਵਜੋਂ ਹੈ। ਇਹ ਜਾਣਕਾਰੀ, ਤਜਰਬੇ, ਮੁਹਾਰਤ ਅਤੇ ਡਾਕਟਰ ਦੇ ਫੈਸਲੇ, ਫਾਰਮਾਸਿਸਟ, ਮਰੀਜ਼ ਦੇਖ ਭਾਲ, ਸਿਹਤ ਸੇਵਾਵਾਂ ਦੇ ਬਦਲ ਦੇ ਇਰਾਦੇ ਵਜੋਂ ਨਹੀਂ ਹੈ। ਇਸ ਕਿਤਾਬਚੇ ਵਿਚ ਕੋਈ ਵੀ ਜਾਣਕਾਰੀ ਦਾ ਮਕਸਦ ਜਾਂਚ ਜਾਂ ਇਲਾਜ ਦੇ ਫੈਸਲੇ ਲਈ ਨਹੀਂ ਹੈ। ਜਾਂਚ ਦੇ ਸਬੰਧ ਵਿੱਚ ਮੁੱਦੇ, ਸਵਾਲ ਅਤੇ ਇਲਾਜ ਕਿਸੇ ਸਿਹਤ ਸੰਭਾਲ ਮਾਹਿਰ ਨੂੰ ਦਿਖਾਉਣਾਚਾਹੀਦਾ ਹੈ।

ਨਾਰਥ ਵੈਸਟ ਲੰਦਨ ਟੀ.ਬੀ. ਨੇਟਵਰਕ ਦਵਾਰਾ ਅਸਲੀ ਵਿਕਾਸ ਦਾ ਕੰਮ

ਗਾਰੰਟੀ ਤੋਂ ਲਿਮਿਟਿਡ ਇਕ ਕੰਪਨੀ, ਇੰਗਲੈਂਡ ਵਿਚ ਦਰਜ ਨੰਬਰ 3606528 ਦਰਜ ਚੈਰਿਟੀ ਨੰਬਰ 1071886 ਡਿਜਾਇਨ : worksong, london 020 8352 8300

for a future without tuberculosis

# ਟਿਊਬਰੋਕਲੋਸਿਸ (ਟੀ.ਬੀ)
# ਇਲਾਜ



ਯਾਦ ਰੱਖੋ ਸਾਰੀਆਂ ਦਵਾਈਆਂ ਸੁਰੱਖਿਅਤ ਅਤੇ ਬੱਚਿਆਂ ਦੀ ਪਹੁੰਚ ਤੋ ਦੂਰ ਰਖੋ।

## ਟੀ.ਬੀ ਕੀ ਹੈ?

ਟਿਊਬਕਲੋਸਿਸ (ਟੀ.ਬੀ.) ਇਕ ਬੈਕਟੀਰੀਅਲ ਇੰਫੈਕਸ਼ਨ ਹੈ ਜੋ ਜਿਆਦਾ ਤੌਰ ਤੇ ਫੇਫੜਿਆਂ ਵਿਚ ਪਾਈ ਜਾਂਦੀ ਹੈ ਜਿਹੜੀ ਸ਼ਰੀਰ ਦੇ ਕਿਸੇ ਵੀ ਭਾਗ ਤੇ ਅਸਰ ਕਰ ਸਕਦੀ ਹੈ ਜਿਵੇ ਦਿਮਾਗ, ਲਿੰਪ ਗਲੈਂਡਜ਼, ਗੁਰਦੇ ਅਤੇ ਹੱਡੀਆਂ ਉੱਤੇ।

## ਟੀ.ਬੀ ਕਿਵੇਂ ਹੁੰਦੀ ਹੈ?

ਜਦੋ ਕੋਈ ਫੇਫੜਿਆਂ ਦੀ ਟੀ.ਬੀ. ਦੀ ਲਾਗ ਵਾਲਾ ਖੰਘਦਾ ਹੈ ਤਾਂ ਜਰਮ ਹਵਾ ਵਿੱਚ ਛੋਟੇ ਤੁਪਕਿਆਂ ਦੇ ਰੂਪ ਵਿਚ ਚਲੇ ਜਾਂਦੇ ਹਨ ਅਤੇ ਹੋਰ ਲੋਕ ਇਹਨਾਂ ਨੂੰ ਸਾਰ ਨਾਲ ਅੰਦਰ ਖੜ ਸਕਦੇ ਹਨ। ਉਹਨਾਂ ਲੋਕਾਂ ਨੂੰ ਟੀ.ਬੀ. ਹੋ ਸਕਦੀ ਹੈ ਜਿਹੜੇ ਉਸੇ ਹੀ ਘਰ ਜਾਂ ਫਲੈਟ ਵਿਚ ਰਹਿੰਦੇ ਹਨ ਜਿੱਥੇ ਕੋਈ ਟੀ.ਬੀ. ਵਾਲਾ ਵਿਅਕਤੀ ਰਿੰਦਦਾ ਹੋ।

## ਕੀ ਮੈਨੂੰ ਇਸਦੀ ਲਾਗ ਹੈ?

ਸਾਰੇ ਟੀ.ਬੀ. ਵਾਲੇ ਵਿਅਕਤੀ ਲਾਗ ਵਾਲੇ ਨਹੀ ਹੁੰਦੇ। ਤੁਹਾਨੂੰ ਇਸਦੀ ਲਾਗ ਤਦ ਹੀ ਹੈ ਜੇਕਰ ਤੁਹਾਡੇ ਫੇਫੜਿਆਂ ਜਾਂ ਗਲੇ ਦੀ ਟੀ.ਬੀ. ਹੈ ਅਤੇ ਤੁਹਾਡੀ ਖੰਘ ਵਿੱਚ ਟੀ.ਬੀ. ਹੈ ਅਤੇ ਤੂਹਾਡੀ ਖੰਘ ਵਿੱਚ ਟੀ.ਬੀ. ਦੇ ਜ਼ਰਮ ਆ ਰਹੇ ਹਨ (ਇਸਦਾ ਨਾਮ ਸਮੀਅਰ ਪੋਜ਼ੀਟਿਵ ਹੈ) ਤੁਸੀ ਦੂਸਰਿਆਂ ਨੂੰ ਲਾਗ ਨਹੀ ਲਗਾ ਸਕਦੇ ਜੇਕਰ ਤੁਹਾਡੇ ਫੇਫੜਿਆਂ ਜਾਂ ਗਲੇ ਤੋਂ ਬਿਨਾਂ ਹੋਰ ਕਿਸੇ ਹਿੱਸੇ ਤੇ ਟੀ.ਬੀ. ਹੈ। ਤੂਹਾਡਾ ਡਾਕਟਰ/ਨਰਸ ਤੁਹਾਨੂੰ ਹੋਰ ਜਾਣਕਾਰੀ ਦੇ ਸਕਦਾ ਹੈ।

## ਟੀ.ਬੀ ਦਾ ਇਲਾਜ ਕਿਵੇਂ ਹੋ ਸਕਦਾ ਹੈ?

ਟਿਊਬਰੋਕਲੋਸਿਸ ਦਾ ਇਲਾਜ ਦਵਾਈਆਂ ਦੇ ਸਹਿਯੋਗ ਨਾਲ ਹੁੰਦਾ ਹੈ ਜੋ ਘੱਟੋ ਘੱਟ ੬ ਮਹੀਨੇ ਚਲਦੀਆਂ ਹਨ। ਸਮੇਂ ਦੀ ਲੰਬਾਈ ਇਸ ਗੱਲ ਤੇ ਨਿਰਭਰ ਵਰਦੀ ਹੈ ਕਿ ਟੀ.ਬੀ. ਦੇ ਜਰਮ ਦਵਾਈਆਂ ਲਈ ਕਿੰਨੇ ਕੁ ਪ੍ਰਤੀਰੋਧਕ ਹਨ ਅਤੇ ਟੀ.ਬੀ ਤਹਾਡੇ ਸਰੀਰ ਦੇ ਕਿਸ ਹਿੱਸੋ ਵਿਚ ਹੋ। ਜੇਕਰ ਤੁਸੀ ਡਾਕਟਰ ਦੇ ਦੱਸੇ ਅਨੁਸਾਰ ਗੋਲੀਆਂ ਨਹੀ ਲੈਂਦੇ ਤਾਂ ਇਲਾਜ ਲੰਬਾ ਹੋ ਸਕਦਾ ਹੈ।

## ਟੀ.ਬੀ ਦਾ ਪ੍ਰਸਾਣਿਕ ਇਲਾਜ ਕੀ ਹੈ?

ਤੁਹਾਡਾ ਟੀ.ਬੀ ਡਾਕਟਰ ਜਾਂ ਨਰਸ਼ ਤੁਹਾਨੂੰਦੋ ਮਹੀਨਿਆ ਲਈ ਚਾਰ ਵੱਖ-ਵੱਖ ਦਵਾਈਆਂ ਦੇਣਗ ੜ ਓਹ ਹਨ:-

- ਰਾਈਫਾਮਾਈਸਿਨ
- ਆਈਸੋਨਾਇਆਜਿਡ
- ਪਾਈਰਾਜਾਈਨਾਮਾਈਡ
- ਈਥਾਮਬਿਉਟੋਲ

(ਆਈਸੋਨਾਈਆਜਿਡ, ਰਿਫਾਮਾਈਸਿਨ ਅਤੇ ਪਾਈਰਾਜਾਨੀਮਾਈਡ ਨੂੰ ਇੱਕ ਹੀ ਦਵਾਈ ਵਿਚ ਇਕੱਠਿਆਂ ਰਿਫਾਟਰ ਦੇ ਤੌਰ ਤੇ)।

ਜਿਆਦਾ ਲੋਕਾਂ ਨੂੰ ਦਵਾਈ ਦਵਾਈ ਦੋ ਹਫਤੇ ਲੈ ਲੈਣ ਨਾਲ ਲਾਗ ਨਹੀਂ ਰਹਿੰਦੀ।

ਦੋ ਮਹੀਨਿਆ ਬਾਅਦ, ਡਾਕਟਰ ਆਮ ਤੌਰ ਤੇ ਦਵਾਈਆਂ ਨੂੰ ਘਟਾ ਕੇ ਇਹ ਦਵਾਈਆਂ ਦੇਣ ਦੇ ਯੋਗ ਹੋ ਜਾਂਦਾ ਹੈ:

- ਰਿਫਾਮਪਾਈਸਿਨ
- ਆਈਸੋਨਾਈਆਜਿਡ

(ਰਿਫਾਮਪਾਈਸਿਨ ਅਤੇ ਆਈਸੋਨਾਈਆਜਿਡ ਨੂੰ ਇੱਕ ਹੀ ਦਵਾਈ ਵਿਚ ਇਕੱਠਿਆਂ ਰਿਫਾਟਰ ਦੇ ਤੌਰ ਤੇ)

## ਕੀ ਟੀ.ਬੀ ਦੀਆਂ ਦਵਾਈਆਂ ਸੁਰੱਖਿਅਤ ਹਨ?

ਜਿਸ ਤਰਾਂ ਕਿ ਸਾਰੀਆਂ ਦਵਾਈਆਂ ਨਾਲ ਹੁੰਦਾ ਹੈ, ਇੱਥੇ ਵੀ ਸਾਈਡ ਇਫੈਕਟਸ ਹੋ ਸਕਦੇ ਹਨ। ਕੋੜ ਸਾਈਡ ਇਫੈਕਟਸ ਹੋ ਸਕਦੇ ਹਨ। ਕੁਝ ਸਾਈਡ ਈਫੈਕਟ ਮਾਮੂਲੀ ਹੁੰਦੇ ਦਨ,ਕੁਝ ਹੋਰ ਗੰਭੀਰ ਵੀ ਹੋ ਸਕਦੇ ਹਨ। ਕਲੀਨਿਕ ਸਟਾਫ ਦੇ ਕੋਲ ਵੱਖ ਵੱਖ ਗੋਲੀਆਂ ਓਤੇ ਉਹਨਾਂ ਦੇ ਸਾਈਡ ਇਫੈਕਟਸ ਬਾਰੇ ਜਾਣਕਾਰੀ ਮੌਜੂਦ ਹੈ। ਯਾਦ ਰੱਖੋ ਇਹ ਬਹੁਤ ਹੀ ਮਹੱਤਵਪੂਰਣ ਹੈ ਕਿ ਇਲਾਜ ਨਾਂ ਕਰਵਾਉਣ ਦਾ ਮਤਰਬ ਹੈ ਕਿ ਤੁਸੀਂ ਟੀ.ਬੀ ਨਾਲ ਬਹੁਤ ਜਿਆਦਾ ਬਿਮਾਰ ਹੋ ਸਕਦਟ ਹੋ। ਤੁਹਾਡਾ ਡਾਕਾਟਰ ਜਾਂ ਨਰਸ ਤੁਹਾਡਾ ਇਲਾਜ ਸੁਰੂ ਕਰਨ ਤੋਂ ਪਹਿਲਾਂ ਕੁਝ ਟੈਸਟਾਂ ਦਾ ਪ੍ਰਬੰਧ ਕਰਨਗੇ।

ਤੁਹਾਡਾ ਡਾਕਟਰ ਜਾਂ ਨਰਸ ਤੁਹਾਡਾ ਇਲਾਜ ਸੁਰੂ ਕਰਨ ਤੋਂ ਪਹਿਲਾਂ ਕੁਝ ਟੈਸਟਾਂ ਦਾ ਪ੍ਰਬੰਧ ਕਰਨਗੇ।

ਤੁਸੀਂ ਉਂਹਨਾਂ ਨੂੰ ਦਸੋ ਜੇਕਰ ਤੁਸੀ ਕਿਸੇ ਪ੍ਰਕਾਰ ਦੇ ਹਾਰਮੋਨਲ ਕੋਨਟਰਾਸੇਪਸ਼ਨ (ਓਰਲ, ਇਮਪਲਾਂਟਸ ਜਾਂ ਹੋਰ ਕੋਈ ) ਦਾ ਪ੍ਰਯੋਗ ਕਰ ਰੇਹੇ ਹੋ, ਤੇ ਰਿਫਾਟਰ ਦਾ ਅਸਰ ਘੱਟ ਰਿਹਾ ਹੈ।

## ਮੈਨੂੰ ਕਿੰਨੀ ਵਾਰ ਆਪਣੀ ਦਵਾਈ ਲੈਣੀ ਪਵੇਗੀ?

ਦਵਾਈ ਹਰ ਰੋਜ ਲੈਣ ਦੀ ਜਰੂਰਤ ਹੈ। ਜੇਕਰ ਤੁਸੀ ਕੋਈ ਖੁਰਾਕ ਭੁੱਲ ਜਾਂਦੇ ਹੋ ਤਾਂ ਜਦੋ ਯਾਦ ਆਵੇ ਜਲਦੀ ਤੋਂ ਜਲਦੀ ਲੈ ਲਵੋ। ਜੇਕਰ ਤੁਸੀਂ ਭੱਲ ਗਏ ਹੋ ਅਤੇ ਇਹ ਅਗਲੀ ਖੁਰਾਕ ਦਾ ਸਮਾਂ ਹੈ, ਤਾਂ ਜਿਹੜੀ ਖੁਰਾਕ ਭੱਲ ਗਏ ਹੋ ਉਸ ਨੂੰ ਛੱਡ ਦਿਉ। ਦੋਹਰੀ ਖੁਰਾਕ ਨਾਂ ਲਵੋ। ਜੇਕਰ ਇਸਤਰਾਂ ਵਾਪਰਦਾ ਹੈ ਤਾਂ ਕ੍ਰਿਪਾ ਕਰਕੇ ਆਪਣੇ ਡਾਕਟਰ/ਨਰਸ ਨੂੰ ਦੱਸੋ।

## ਮੈਨੂੰ ਟੀ.ਬੀ ਦੀ ਦਵਾਈ ਇਨਾਂ ਜਿਆਦਾ ਸਮਾਂ ਲੈਣ ਦੀ ਜਰੂਰਤ ਕਿਉਂ ਹੈ?

ਟੀ.ਬੀ ਦੇ ਜਰਮ ਬਹੁਤ ਹੀ ਹੌਲੀ ਹੌਲੀ ਮਰਦੇ ਹਨ। ਦਵਾਈ ਨੂੰ ਸਾਰੇ ਜਰਮ ਮਾਰਨ ਲਈ ਘੱਟ ਤੋਂ ਘੱਟ ੬ ਮਹੀਨੇ ਲੱਗ ਜਾਂਦੇ ਹਨ।ਭਾਵੇਂ ਇਸ ਸਮੇ ਤੋਂ ਪਹਿਯਾਂ ਹੀ ਤੁਸੀ ਠਕਿ ਮਹਿਸੂਸ ਕਰਦੇ ਹੋਵੋ ਓਤੇ ਤਹਾਨੂੰ ਟੀ.ਬੀ.ਦਾ ਕੋਈ ਵੀ ਲੱਛਣ ਦਿਖਾਈ ਨਾਂ ਦੇਵੇ ਤਾਂ ਵੀ ਤਹਾਨੂੰ ਲਾਜਮੀ ਹੀ ਦਵਾਈਆਂ ਲੈਣਾ ਜਾਰੀ ਰੱਖਣਾ ਚਾਹੀਦਾ ਹੈ ਜਦੋਂ ਤੱਕ ਤੁਹਾਡਾ ਡਾਕਟਰ ਇਲਾਜ ਬੰਦ ਨਹੀਂ ਕਰਦਾ। ਆਪਣਾ ਇਲਾਜ ਜਲਦੀ ਬੰਦ ਕਰ ਦੇਣਾ ਜਾਂ ਦਵਾਈਆਂ ਨਾ ਲੈਣਾ ਖਤਰਨਾਕ ਹੋ ਸਕਦਾ ਹੈ, ਇਸ ਲਈ ਕਿ ਤਹਾਨੂੰ ਇਸ ਦੀ ਲਾਗ ਲੱਗ ਸਕਦੀ ਹੈ ਅਤੇ ਇਸ ਤਰਾਂ ਦੀ ਟੀ.ਬੀ. ਵਿਕਸਿਤ ਹੈ ਸਕਦੀ ਹੈ ਜਿਹੜੀ ਮੁਸ਼ਕਿਲ ਹੁੰਦੀ ਹੈ ਅਤੇ ਕਈ ਵਾਰ ਇਲਾਜ ਅਸੰਭਵ ਹੋ ਜਾਂਦਾ ਹੈ।

## ਕੀ ਮੈਨੂੰ ਕੋਈ ਖਾਸ ਭੋਂਜਨ ਜਾਂ ਹੋਰ ਦਵਾਈਆਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ ਜਦੋਂ ਮੈਂ ਟੀ.ਬੀ ਦੀ ਦਵਾਈਆਂ ਲੈ ਰਿਹਂ ਹੋਵਾਂ?

ਨਹੀਂ, ਤਸੀਨ ਜੋ ਵੀ ਪਸੰਦ ਕਰਕੇ ਹੋ ਖਾ ਸਕਦੇ ਹੋ। ਪਰ ਤਹਾਨੂੰ ਜਿਆਦਾ ਅਲਕੋਹਲ਼ ਸ਼ਛ ਪ੍ਰਹੇਜ ਕਰਨਾ ਹੋਵੇਗਾ। ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਤੁਸੀਂ ਡਾਕਟਰ ਨੂੰ ਦੱਸ ਦਿਉ ਜੇਕਰ ਤੁਸੀਂ ਹੋਰ ਦਵਾਈਆਂ ਲੈ ਰਹੇ ਹੋ।